ਤੱਥ ਸ਼ੀਟ

# ਨਸਲੀ ਭੇਦਭਾਵ ਕਾਨੂੰਨ ਦੇ ਅਧੀਨ ਸ਼ਿਕਾਇਤਾਂ

## ਨਸਲੀ ਭੇਦਭਾਵ ਕਾਨੂੰਨ ਕੀ ਹੈ?

*ਨਸਲੀ ਭੇਦਭਾਵ ਕਾਨੂੰਨ 1975* (Cth) (the RDA) ਤੁਹਾਡੇ ਨਾਲ ਨਸਲ, ਰੰਗ, ਵੰਸ਼, ਰਾਸ਼ਟਰ ਜਾਂ ਨਸਲੀ ਮੂਲ ਜਾਂ ਪ੍ਰਵਾਸੀ ਰੁਤਬੇ ਦੇ ਕਾਰਣ ਹੋਏ ਅਣਉਚਿੱਤ ਵਰਤਾਓ ਨੂੰ ਗੈਰ-ਕਾਨੂੰਨੀ ਬਣਾਉਂਦਾ ਹੈ।

ਇਹ ਨਸਲੀ ਨਫਰਤ ਨੂੰ ਵੀ ਗੈਰ-ਕਾਨੂੰਨੀ ਬਣਾਉਂਦਾ ਹੈ।

## ਇਸ ਕਾਨੂੰਨ ਦੀ ਵਰਤੋਂ ਕਦੋਂ ਕੀਤੀ ਜਾ ਸਕਦੀ ਹੈ?

ਤੁਸੀਂ ਜਨਤਕ ਜੀਵਨ ਦੇ ਬਹੁਤ ਸਾਰੇ ਖੇਤਰਾਂ ਵਿੱਚ ਨਿਰਪੱਖ ਵਰਤਾਓ ਪ੍ਰਾਪਤ ਕਰਨ ਲਈ RDA ਦੀ ਵਰਤੋਂ ਕਰ ਸਕਦੇ ਹੋ:

- **ਰੁਜ਼ਗਾਰ** – ਨੌਕਰੀ ਲੈਣ ਲਈ, ਨੌਕਰੀ ਦੀਆਂ ਸ਼ਰਤਾਂ, ਸਿਖਲਾਈ, ਤਰੱਕੀ, ਨੌਕਰੀ ਤੋਂ ਕੱਢ ਦੇਣਾ।
- **ਸਿੱਖਿਆ** – ਕਿਸੇ ਨਿੱਜੀ ਜਾਂ ਸਰਕਾਰੀ ਸਕੂਲ, ਕਾਲਜ ਜਾਂ ਯੂਨੀਵਰਿਸਟੀ ਵਿੱਚ ਦਾਖਲਾ ਲੈਣਾ ਜਾਂ ਪੜ੍ਹਾਈ ਕਰਨਾ।
- **ਰਿਹਾਇਸ਼** – ਘਰ ਜਾਂ ਯੂਨਿਟ ਕਿਰਾਏ ਤੇ ਲੈਣਾ ਜਾਂ ਖਰੀਦਣਾ
- **ਸੇਵਾਵਾਂ ਪ੍ਰਾਪਤ ਕਰਨਾ ਜਾਂ ਵਰਤਣਾ** – ਜਿਵੇਂ ਬੈਂਕਾਂ ਜਾਂ ਬੀਮੇ ਦੀਆਂ ਸੇਵਾਵਾਂ, ਸਰਕਾਰੀ ਵਿਭਾਗਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ, ਆਵਾਜਾਈ ਤੇ ਦੂਰ-ਸੰਚਾਰ ਸੇਵਾਵਾਂ, ਪੇਸ਼ੇਵਰ ਸੇਵਾਵਾਂ ਜਿਵੇਂ ਕਿ ਜੋ ਵਕੀਲਾਂ, ਡਾਕਟਰਾਂ ਜਾਂ ਮਿਸਤਰੀਆਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਰੈਸਟੋਰੈਂਟਾਂ, ਦੁਕਾਨਾਂ ਜਾਂ ਮਨੋਰੰਜਨ ਪ੍ਰਦਾਨ ਕਰਨ ਵਾਲੀਆਂ ਥਾਂਵਾਂ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ।
- **ਸਰਵਜਨਕ ਥਾਂਵਾਂ ਨੂੰ ਵਰਤਣਾ** – ਜਿਵੇਂ ਕਿ ਪਾਰਕਾਂ, ਸਰਕਾਰੀ ਦਫਤਰ, ਰੈਸਟੋਰੈਂਟ, ਹੋਟਲ ਜਾਂ ਖਰੀਦਦਾਰੀ ਕੇਂਦਰ।

## ਨਸਲੀ ਭੇਦਭਾਵ ਕੀ ਹੈ?

ਨਸਲੀ ਭੇਦਭਾਵ ਉਦੋਂ ਹੁੰਦਾ ਹੈ ਜਦੋਂ ਕਿਸੇ ਵਿਅਕਤੀ ਦੇ ਨਾਲ ਉਸ ਦੀ ਨਸਲ, ਰੰਗ, ਵੰਸ਼, ਰਾਸ਼ਟਰ ਜਾਂ ਨਸਲੀ ਮੂਲ ਜਾਂ ਪ੍ਰਵਾਸੀ ਰੁਤਬੇ ਦੇ ਕਾਰਣ ਕਿਸੇ ਦੂਸਰੇ ਵਿਅਕਤੀ ਨਾਲੋਂ ਘੱਟ ਚੰਗੀ ਤਰ੍ਹਾਂ ਵਰਤਾਓ ਕੀਤਾ ਜਾਂਦਾ ਹੈ। ਉਦਾਹਰਣ ਦੇ ਤੌਰ ਤੇ, ਇਹ 'ਸਿੱਧਾ ਭੇਦਭਾਵ' ਹੋਵੇਗਾ ਜੇਕਰ ਕੋਈ ਰੀਅਲ ਅਸਟੇਟ ਏਜੰਟ ਕਿਸੇ ਵਿਅਕਤੀ ਨੂੰ ਮਕਾਨ ਕਿਰਾਏ ਤੇ ਦੇਣ ਤੋਂ ਇਨਕਾਰ ਕਰਦਾ ਹੈ ਕਿਉਂਕਿ ਉਹ ਵਿਸ਼ੇਸ਼ ਨਸਲੀ ਪਿਛੋਕੜ ਜਾਂ ਚਮੜੀ ਦੇ ਰੰਗ ਵਾਲਾ ਹੈ।

ਨਸਲੀ ਭੇਦਭਾਵ ਉਦੋਂ ਵੀ ਵਾਪਰਦਾ ਹੈ ਜਦੋਂ ਕੋਈ ਨਿਯਮ ਜਾਂ ਨੀਤੀ ਸਭ ਲਈ ਇਕੋ ਜਿਹੀ ਹੁੰਦੀ ਹੈ ਪਰ ਕਿਸੇ ਖਾਸ ਨਸਲ, ਰੰਗ, ਵੰਸ਼, ਰਾਸ਼ਟਰ ਜਾਂ ਨਸਲੀ ਮੂਲ ਜਾਂ ਪ੍ਰਵਾਸੀ ਰੁਤਬੇ ਦੇ ਕਰਕੇ ਅਣਉਚਿੱਤ ਪ੍ਰਭਾਵ ਪਾਉਂਦੀ ਹੈ। ਇਸ ਨੂੰ 'ਅਸਿੱਧਾ ਭਾਦਭੇਵ' ਕਿਹਾ ਜਾਂਦਾ ਹੈ। ਉਦਾਹਰਣ ਵਜੋਂ, ਜੇ ਕੰਪਨੀ ਕਹੇ ਕਿ ਕਰਮਚਾਰੀਆਂ ਨੂੰ ਕੰਮ ਉੱਤੇ ਸਿਰ ਉਪਰ ਟੋਪ ਜਾਂ ਪੱਗ ਨਹੀਂ ਬੰਨਣੀ ਚਾਹੀਦੀ, ਕਿਉਂਕਿ ਇਸ ਨਾਲ ਕੁਝ ਨਸਲੀ/ਮੂਲ ਪਿਛੋਕੜ ਵਾਲੇ ਕੁਝ ਲੋਕਾਂ ਉੱਤੇ ਨਜ਼ਾਇਜ਼ ਪ੍ਰਭਾਵ ਪੈਣ ਦੀ ਸੰਭਾਵਨਾ ਹੈ।

## ਨਸਲੀ ਨਫਰਤ ਕੀ ਹੈ?

ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੀ ਨਸਲ, ਰੰਗ, ਵੰਸ਼, ਰਾਸ਼ਟਰ ਜਾਂ ਨਸਲੀ ਮੂਲ ਦੇ ਆਧਾਰ ਉੱਤੇ ਕੁਝ ਅਜਿਹਾ ਜਨਤਕ ਤੌਰ ਤੇ ਕਰਨਾ ਗੈਰ-ਕਾਨੂੰਨੀ ਹੈ ਜਿਹੜਾ **ਦਿਲ ਦੁਖਾਉਣ ਵਾਲਾ, ਬੇਇਜ਼ਤੀ ਵਾਲਾ, ਜ਼ਲੀਲ ਕਰਨ ਜਾਂ ਡਰਾਉਣ** ਵਾਲਾ ਹੋਵੇ।

ਨਸਲੀ ਨਫਰਤ ਦੀਆਂ ਉਦਾਹਰਣਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ, ਨਸਲੀ ਤੌਰ ਤੇ:

- ਈ-ਫੌਰਮਾਂ, ਬਲੌਗਾਂ, ਸਮਾਜਿਕ ਤਾਣੇ ਬਾਣੇ ਵਾਲੀਆਂ ਸਾਈਟਾਂ ਅਤੇ ਵੀਡੀਓ ਸਾਂਝੀਆਂ ਕਰਨ ਵਾਲੀਆਂ ਸਾਈਟਾਂ ਦੇ ਸਮੇਤ, ਇੰਟਰਨੈਟ ਉਪਰ ਅਪਮਾਨਜਨਕ ਸਮੱਗਰੀ
- ਅਖਬਾਰਾਂ, ਰਿਸਾਲਿਆਂ ਦੇ ਪਰਚਿਆਂ ਜਾਂ ਕਿਤਾਬਚਿਆਂ ਵਿੱਚ ਅਪਮਾਨਜਨਕ ਟਿੱਪਣੀਆਂ ਜਾਂ ਤਸਵੀਰਾਂ
- ਜਨਤਕ ਇਕੱਠ ਵਿੱਚ ਅਪਮਾਨਜਨਕ ਭਾਸ਼ਣ
- ਜਨਤਕ ਥਾਂ, ਜਿਵੇਂ ਕਿ ਦੁਕਾਨ, ਕੰਮ ਵਾਲੀ ਜਗ੍ਹਾ, ਜਨਤਕ ਆਵਾਜਾਈ ਵਿੱਚ ਜਾਂ ਸਕੂਲ ਵਿੱਚ ਗਾਲੀ-ਗਲੌਚ ਵਾਲੀਆਂ ਟਿੱਪਣੀਆਂ
- ਖੇਡ ਸਮਾਗਮਾਂ ਵਿੱਚ ਖਿਡਾਰੀਆਂ, ਦਰਸ਼ਕਾਂ, ਕੋਚਾਂ ਜਾਂ ਅਧਿਕਾਰੀਆਂ ਵੱਲੋਂ ਗਾਲੀ-ਗਲੌਚ ਵਾਲੀਆਂ ਟਿੱਪਣੀਆਂ

## ਕਦੋਂ ਨਸਲ ਆਧਾਰਿਤ ਅਪਮਾਨਜਨਕ ਵਰਤਾਓ ਗੈਰ-ਕਾਨੂੰਨੀ ਨਹੀਂ ਹੁੰਦਾ ਹੈ?

RDA ਦਾ ਉਦੇਸ਼ ਸੁਤੰਤਰ ਤੌਰ ਤੇ ਇਕ ਦੂਸਰੇ ਨਾਲ ਗੱਲਬਾਤ ਕਰਨ ਦੇ ਅਧਿਕਾਰ ('ਬੋਲਣ ਦੀ ਅਜ਼ਾਦੀ') ਅਤੇ ਨਸਲੀ ਨਫਰਤ ਤੋਂ ਮੁਕਤ ਰਹਿਣ ਦੇ ਅਧਿਕਾਰ ਨੂੰ ਸੰਤੁਲਿਨ ਕਰਨਾ ਹੈ। RDA ਦੇ ਅਨੁਸਾਰ ਹੇਠ ਲਿਖੀਆਂ ਚੀਜ਼ਾਂ ਕਾਨੂੰਨ ਦੇ ਵਿਰੁੱਧ ਨਹੀਂ ਹਨ ਜੇਕਰ ਇਹ **"ਜਾਇਜ਼ ਤਰੀਕੇ ਨਾਲ ਅਤੇ ਸੱਚੇ ਦਿਲੋਂ ਕੀਤੀਆਂ ਜਾਂਦੀਆਂ ਹਨ"**, ਇਹਨਾਂ ਵਿੱਚ:

- **ਕਲਾਤਮਕ ਕੰਮ ਜਾਂ ਪ੍ਰਦਰਸ਼ਨ** – ਉਦਾਹਰਣ ਵਜੋਂ, ਇਕ ਨਾਟਕ ਜਿਸ ਵਿੱਚ ਇਕ ਪਾਤਰ ਦੁਆਰਾ ਨਸਲੀ ਅਪਮਾਨਜਨਕ ਰਵੱਈਏ ਦਾ ਪ੍ਰਗਟਾਵਾ ਕੀਤਾ ਗਿਆ ਹੋਵੇ।

- **ਮੌਲਿਕ ਅਕਾਦਮਿਕ ਜਾਂ ਵਿਗਿਆਨਕ ਉਦੇਸ਼ਾਂ ਲਈ ਇਕ ਬਿਆਨ, ਪ੍ਰਕਾਸ਼ਨ, ਵਿਚਾਰ-ਵਟਾਂਦਰਾ ਜਾਂ ਬਹਿਸ** - ਉਦਾਹਰਣ ਵਜੋਂ, ਕਿਸੇ ਖਾਸ ਸਮੂਹਾਂ ਵਾਸਤੇ ਪ੍ਰਵਾਸ, ਬਹੁ-ਸਭਿਆਚਾਰਕ ਜਾਂ ਵਿਸ਼ੇਸ਼ ਉਪਾਵਾਂ ਬਾਰੇ ਜਨਤਕ ਨੀਤੀ ਉਪਰ ਵਿਚਾਰ-ਵਟਾਂਦਰਾ ਜਾਂ ਬਹਿਸ ਕਰਨੀ।

- **ਜਨਤਕ ਹਿੱਤਾਂ ਦੇ ਮੁੱਦੇ ਉੱਤੇ ਨਿਰਪੱਖ ਅਤੇ ਸਹੀ ਰਿਪੋਰਟ ਤਿਆਰ ਕਰਨੀ** - ਉਦਾਹਰਣ ਵਜੋਂ, ਕਿਸੇ ਅਖਬਾਰ ਵਿੱਚ ਅਪਮਾਨਜਨਕ ਨਸਲੀ ਵਰਤਾਓ ਬਾਰੇ ਨਿਰਪੱਖ ਰਿਪੋਰਟ।

- **ਨਿਰਪੱਖ ਟਿੱਪਣੀ ਕਰਨਾ**, ਜੇਕਰ ਟਿੱਪਣੀ ਕਿਸੇ ਵਿਅਕਤੀ ਦੇ ਸੱਚੇ ਵਿਸ਼ਵਾਸ਼ ਦਾ ਪ੍ਰਗਟਾਵਾ ਹੋਵੇ।

## ਮੈਂ ਕੀ ਕਰ ਸਕਦਾ ਹਾਂ ਜੇ ਮੈਂ ਭੇਦਭਾਵ ਜਾਂ ਨਸਲੀ ਨਫਰਤ ਅਨੁਭਵ ਕਰਦਾ ਹਾਂ?

ਤੁਸੀਂ ਇਸ ਨੂੰ ਸਿੱਧੇ ਤੌਰ ਤੇ ਉਸ ਵਿਅਕਤੀ ਜਾਂ ਸੰਬੰਧਿਤ ਲੋਕਾਂ ਦੇ ਨਾਲ ਵਿਚਾਰਨਾ ਚਾਹੋਗੇ।

ਜੇ ਇਸ ਨਾਲ ਇਸ ਦਾ ਹੱਲ ਨਹੀਂ ਹੁੰਦਾ ਹੈ, ਜਾਂ ਅਜਿਹਾ ਕਰਨ ਵਿੱਚ ਤੁਸੀਂ ਸੌਖ ਮਹਿਸੂਸ ਨਹੀਂ ਕਰਦੇ ਹੋ, ਤੁਸੀਂ ਆਸਟ੍ਰੇਲੀਆ ਦੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨ ਨੂੰ ਸ਼ਿਕਾਇਤ ਕਰ ਸਕਦੇ ਹੋ। ਤੁਸੀਂ ਆਪਣੀ ਥਾਂਵੇਂ ਕਿਸੇ ਨੂੰ ਜਿਵੇਂ ਕਿ ਵਕੀਲ ਜਾਂ ਟਰੇਡ ਯੂਨੀਅਨ ਨੂੰ ਇਹ ਕਰਨ ਲਈ ਕਹਿ ਸਕਦੇ ਹੋ।

ਕਮਿਸ਼ਨ ਕੋਲ ਸ਼ਿਕਾਇਤ ਕਰਨ ਵਿੱਚ ਕੋਈ ਖਰਚ ਨਹੀਂ ਆਉਂਦਾ ਹੈ।

ਸ਼ਿਕਾਇਤ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ। ਕਮਿਸ਼ਨ ਕੋਲ ਸ਼ਿਕਾਇਤ ਫਾਰਮ ਹੈ ਜੋ ਤੁਸੀਂ ਭਰ ਸਕਦੇ ਹੋ ਅਤੇ ਸਾਨੂੰ ਡਾਕ ਜਾਂ ਫੈਕਸ ਰਾਹੀਂ ਵਾਪਸ ਭੇਜ ਸਕਦੇ ਹੋ ਜਾਂ ਤੁਸੀਂ ਸਾਡੀ ਵੈਬਸਾਈਟ ਉੱਤੇ ਸ਼ਿਕਾਇਤ ਔਨਲਾਈਨ ਵੀ ਦਰਜ਼ ਕਰਵਾ ਸਕਦੇ ਹੋ। ਜੇਕਰ ਤੁਸੀਂ ਆਪਣੀ ਸ਼ਿਕਾਇਤ ਲਿਖ ਕੇ ਨਹੀਂ ਦੇ ਸਕਦੇ, ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।

ਤੁਹਾਡੀ ਸ਼ਿਕਾਇਤ ਵੈਧ ਹੋਣ ਲਈ ਉਸ ਵਿਚਲੀਆਂ ਘਟਨਾਵਾਂ ਜਿੰਨ੍ਹਾਂ ਬਾਰੇ ਉਹਨਾਂ ਦੇ ਗੈਰ-ਕਾਨੂੰਨੀ ਭੇਦਭਾਵ ਹੋਣ ਬਾਰੇ ਤੁਸੀਂ ਸ਼ਿਕਾਇਤ ਕਰਨਾ ਚਾਹੁੰਦੇ ਹੋ ਦਲੀਲ ਯੋਗ ਹੋਣੀਆਂ ਚਾਹੀਦੀਆਂ ਹਨ, ਤੁਹਾਨੂੰ ਆਪਣੇ ਦੋਸ਼ ਦੇ ਬਾਰੇ ਕਾਫੀ ਵੇਰਵੇ ਦੇਣੇ ਚਾਹੀਦੇ ਹਨ ਇਸ ਦੇ ਸਮੇਤ ਕਿ ਕੀ ਵਾਪਰਿਆ ਸੀ, ਕਦੋਂ ਅਤੇ ਕਿੱਥੇ ਵਾਪਰਿਆ ਅਤੇ ਕੌਣ ਸ਼ਾਮਲ ਸੀ।

ਸ਼ਿਕਾਇਤ ਕਿਸੇ ਵੀ ਭਾਸ਼ਾ ਵਿੱਚ ਕੀਤੀ ਜਾ ਸਕਦੀ ਹੈ। ਜੇ ਤੁਹਾਨੂੰ ਅਨੁਵਾਦਕ ਜਾਂ ਦੋਭਾਸ਼ੀਏ ਦੀ ਲੋੜ ਹੈ, ਅਸੀਂ ਇਸ ਦਾ ਪ੍ਰਬੰਧ ਕਰ ਸਕਦੇ ਹਾਂ।

## ਮੈਂ ਵਧੇਰੇ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ?

ਆਸਟ੍ਰੇਲੀਆ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਸੰਪਰਕ ਵੇਰਵੇ ਇਹ ਹਨ:

**ਟੈਲੀਫੋਨ**

ਰਾਸ਼ਟਰੀ ਜਾਣਕਾਰੀ ਸੇਵਾ: 1300 656 419 ਜਾਂ (02) 9284 9888
ਟੀ ਟੀ ਵਾਈ: 1800 620 241 (ਮੁਫਤ)
ਫੈਕਸ: (02) 9284 9611

**ਡਾਕ**

GPO Box 5218
Sydney NSW 2001

**ਔਨਲਾਈਨ**

ਈਮੇਲ: infoservice@humanrights.gov.au
ਵੈਬਸਾਈਟ: www.humanrights.gov.au

ਤੁਸੀਂ ਸ਼ਿਕਾਇਤ ਔਨਲਾਈਨ ਕਰ ਸਕਦੇ ਹੋ
www.humanrights.gov.au/complaints_information/online_form/index.html.

ਜੇ ਤੁਸੀਂ ਬੋਲੇ ਹੋ ਜਾਂ ਉੱਚਾ ਸੁਣਦਾ ਹੈ ਤੁਸੀਂ ਸਾਨੂੰ ਟੀ ਟੀ ਵਾਈ ਰਾਹੀਂ 1800 620 241 ਉੱਤੇ ਸੰਪਰਕ ਕਰ ਸਕਦੇ ਹੋ। ਜੇ ਤੁਹਾਨੂੰ ਇਸ਼ਾਰਿਆਂ ਵਾਲੇ ਦੋਭਾਸ਼ੀਏ ਦੀ ਲੋੜ ਹੈ, ਅਸੀਂ ਤੁਹਾਡੇ ਲਈ ਇਸ ਦਾ ਪ੍ਰਬੰਧ ਕਰ ਸਕਦੇ ਹਾਂ।

ਜੇ ਤੁਸੀਂ ਅੰਨ੍ਹੇ ਹੋ ਜਾਂ ਵੇਖਣ ਵਿੱਚ ਕਮਜ਼ੋਰੀ ਹੈ, ਅਸੀਂ ਬੇਨਤੀ ਕਰਨ ਤੇ ਜਾਣਕਾਰੀ ਦੂਸਰੇ ਰੂਪਾਂ ਵਿੱਚ ਪ੍ਰਦਾਨ ਕਰ ਸਕਦੇ ਹਾਂ।

## ਨਸਲੀ ਨਫਰਤ ਦੀਆਂ ਸ਼ਿਕਾਇਤਾਂ ਲਈ ਹੋਰ ਸੰਪਰਕ ਕੇਂਦਰ

ਜੇ ਤੁਸੀਂ ਮੀਡੀਆ ਦੀਆਂ ਅਪਮਾਨਜਨਕ ਕਹਾਣੀਆਂ, ਪ੍ਰਸਾਰਣ ਜਾਂ ਔਨਲਾਈਨ ਸਮੱਗਰੀ ਬਾਰੇ ਫਿਕਰਮੰਦ ਹੋ ਤਾਂ ਤੁਸੀਂ ਆਸਟ੍ਰੇਲੀਆ ਦੀ ਕਮਿਊਨੀਕੇਸ਼ਨ ਅਤੇ ਮੀਡੀਆ ਅਥਾਰਿਟੀ (ਏ ਸੀ ਐਮ ਏ); ਇਸ਼ਤਿਹਾਰਾਂ ਵਾਸਤੇ ਐਡਵਰਟਾਈਜ਼ਿੰਗ ਸਟੈਂਡਰਡਜ਼ ਬੋਰਡ; ਜਾਂ ਅਖਬਾਰਾਂ ਦੀਆਂ ਕਹਾਣੀਆਂ ਲਈ ਆਸਟ੍ਰੇਲੀਆ ਦੀ ਪਰੈਸ ਕੌਂਸਿਲ ਕੋਲ ਸ਼ਿਕਾਇਤ ਕਰ ਸਕਦੇ ਹੋ। ਤੁਸੀਂ ਮੀਡੀਆ ਸੰਸਥਾ ਦੇ ਸੰਪਾਦਕ ਜਾਂ ਮੈਨੇਜਰ ਨੂੰ ਵੀ ਸ਼ਿਕਾਇਤ ਕਰ ਸਕਦੇ ਹੋ।

ਜੇਕਰ ਤੁਸੀਂ ਗੁਆਂਢੀਆਂ ਦੇ ਅਪਮਾਨਜਨਕ ਵਰਤਾਓ ਬਾਰੇ ਫਿਕਰਮੰਦ ਹੋ, ਤੁਸੀਂ ਸਮੱਸਿਆ ਦਾ ਹੱਲ ਕਰਨ ਲਈ ਭਾਈਚਾਰਕ ਨਿਆਂ ਕੇਂਦਰ ਵਿੱਚ ਜਾ ਸਕਦੇ ਹੋ, ਜਾਂ ਜੇ ਤੁਸੀਂ ਜਨਤਕ ਘਰਾਂ ਵਿੱਚ ਰਹਿੰਦੇ ਹੋ ਤਾਂ ਰਿਹਾਇਸ਼ ਦੇ ਵਿਭਾਗ ਨਾਲ ਸੰਪਰਕ ਕਰ ਸਕਦੇ ਹੋ।

## ਜੇਕਰ ਤੁਹਾਨੂੰ ਹਿੰਸਾ ਦੀ ਧਮਕੀ ਮਿਲਦੀ ਹੈ ਜਾਂ ਹਿੰਸਕ ਹਮਲਾ ਹੁੰਦਾ ਹੈ ਤਾਂ ਪੁਲੀਸ ਕੋਲ ਜਾਓ।

## ਆਮ ਕਾਨੂੰਨੀ ਸਲਾਹ

ਜੇ ਤੁਸੀਂ ਸ਼ਿਕਾਇਤ ਕਰਨ ਦੀ ਸੋਚ ਰਹੇ ਹੋ, ਤੁਸੀਂ ਸ਼ਾਇਦ ਕਾਨੂੰਨੀ ਸਲਾਹ ਲੈਣਾ ਜਾਂ ਆਪਣੀ ਟਰੇਡ ਯੂਨੀਅਨ ਨਾਲ ਸੰਪਰਕ ਕਰਨਾ ਚਾਹੋਗੇ। ਭਾਈਚਾਰਕ ਕਾਨੂੰਨੀ ਸੇਵਾਵਾਂ ਭੇਦਭਾਵ ਅਤੇ ਉਤਪੀੜਨ ਬਾਰੇ ਮੁਫ਼ਤ ਸਲਾਹ ਦੇ ਸਕਦੀਆਂ ਹਨ। ਆਪਣੇ ਨੇੜਲੇ ਭਾਈਚਾਰਕ ਕਾਨੂੰਨੀ ਕੇਂਦਰ ਦੇ ਸੰਪਰਕ ਵੇਰਵੇ www.naclc.org.au/directory ਤੋਂ ਲੱਭੇ ਜਾ ਸਕਦੇ ਹਨ।

**ਬੇ-ਦਾਅਵਾ: ਇਸ ਤੱਥ ਸ਼ੀਟ ਉੱਤੇ ਦਿੱਤੀ ਜਾਣਕਾਰੀ ਸਿਰਫ ਗਾਈਡ ਵਜੋਂ ਦਿੱਤੀ ਗਈ ਹੈ। ਇਹ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ।**